# ਦਫਤਰ ਸੀਨੀਅਰ ਕਪਤਾਨ ਪੁਲਿਸ, ਸ਼੍ਰੀ ਮੁਕਤਸਰ ਸਾਹਿਬ

## ਨਿਲਾਮੀ ਇਸ਼ਤਿਹਾਰ ਗੱਡੀਆ

ਪੁਲਿਸ ਵਿਭਾਗ ਜਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਅਧਿਕਾਰ ਖੇਤਰ ਵਿੱਚ ਪੈਂਦੇ ਥਾਣਿਆ ਵਿੱਚ ਫੈਸਲਾਸ਼ੁਦਾ ਮੁਕੱਦਮਿਆਂ ਵਿੱਚ ਬ੍ਰਾਮਦਸ਼ੁਦਾ 171 ਵਹੀਕਲ/ਗੱਡੀਆ/ਟਰੱਕ ਜਿੰਨ੍ਹਾਂ ਵਿੱਚ ਐਨ.ਡੀ.ਪੀ.ਐਸ. ਦੇ ਫੈਂਸਲਾਸ਼ੁਦਾ ਮੁਕੱਦਮਿਆਂ ਵਿੱਚ ਬ੍ਰਾਮਦਸ਼ੁਦਾ 49 ਵਹੀਕਲ ਅਤੇ 122 ਵਹੀਕਲ ਵੱਖ ਵੱਖ ਜੁਰਮਾਂ ਦੇ ਫੈਸਲਾਸ਼ੁਦਾ ਮੁਕੱਦਮਿਆਂ ਵਿੱਚ ਬ੍ਰਾਮਦਸ਼ੁਦਾ (ਬਿਨ੍ਹਾਂ ਕਾਗਜਾਤ ਅਤੇ ਦੁਬਾਰਾ ਨਾ ਵਰਤੋਯੋਗ/ਸਕਰੈਪ ਦੀ ਨਿਲਾਮੀ (ਖੁੱਲੀ ਬੋਲੀ) ਨਿਰਧਾਰਿਤ ਨਿਲਾਮੀ ਕਮੇਟੀ ਵੱਲੋਂ ਮਿਤੀ 31/07/2023 ਨੂੰ ਸਵੇਰੇ 10:30 ਵਜੇ ਜਿਲ੍ਹਾ ਸ਼੍ਰੀ ਮੁਕਤਸਰ ਸਾਹਿਬ ਦੀ ਪੁਲਿਸ ਲਾਇਨ, ਸ੍ਰੀ ਮੁਕਤਸਰ ਸਾਹਿਬ ਵਿਖੇ ਕਾਰਵਾਈ ਜਾ ਰਹੀ ਹੈ। ਨਿਲਾਮ ਹੋਣ ਵਾਲੇ ਵਹੀਕਲ ਥਾਣਾ ਸਿਟੀ ਸ.ਮ.ਸ., ਥਾਣਾ ਸਦਰ ਸ.ਮ.ਸ, ਥਾਣਾ ਸਿਟੀ ਮਲੋਟ, ਥਾਣਾ ਸਦਰ ਮਲੋਟ, ਥਾਣਾ ਲੰਬੀ, ਥਾਣਾ ਕਬਰਵਾਲਾ, ਥਾਣਾ ਲੱਖੇਵਾਲੀ, ਥਾਣਾ ਗਿੱਦੜਬਾਹਾ, ਥਾਣਾ ਕੋਟਭਾਈ ਅਤੇ ਪੁਲਿਸ ਲਾਇਨ ਸ੍ਰੀ ਮੁਕਤਸਰ ਸਾਹਿਬ ਵਿਖੇ ਖੜ੍ਹੇ ਹਨ, ਜੋ ਬੋਲੀ ਵਾਲੇ ਦਿਨ ਆਉਣ ਤੋਂ ਪਹਿਲਾ ਆਪ ਕਿਸੇ ਸਮੇਂ ਵੀ ਜਾ ਕੇ ਦੇਖ ਕੇ ਬੋਲੀ ਵਿੱਚ ਹਾਜਰ ਆ ਸਕਦੇ ਹੋ। ਇਹ ਵਹੀਕਲ ਜਿਥੇ ਖੜ੍ਹੇ ਹਨ, ਉਸ ਜਗ੍ਹਾ ਤੇ ਹੀ ਵੇਖਣੇ ਪੈਣਗੇ ਅਤੇ ਜਿਸ ਹਾਲਤ ਵਿੱਚ ਹਨ, ਉਸ ਹਾਲਤ ਵਿੱਚ ਹੀ ਨਿਲਾਮ ਕੀਤੇ ਜਾਣਗੇ ਅਤੇ ਉਸ ਜਗ੍ਹਾ ਤੋਂ ਹੀ ਚੁੱਕਵਾਏ ਜਾਣਗੇ। ਸਫ਼ਲ ਬੋਲੀਕਾਰ ਵੱਲੋਂ ਦਿੱਤੀ ਗਈ ਬੋਲੀ ਦਾ ਬਣਦਾ GST (18%) ਵੱਖਰਾ ਵਸੂਲ ਕੀਤਾ ਜਾਵੇਗਾ। ਇਸ ਤੋਂ ਇਲਾਵਾ ਬੋਲੀ ਵਿੱਚ ਭਾਗ ਲੈਣ ਵਾਲੇ ਹਰ ਵਿਅਕਤੀ ਨੂੰ 50,000/- ਰੁਪਏ ਬਤੌਰ ਜਮਾਨਤ/ਸਕਿਉਰਟੀ ਬੋਲੀ ਦੇਣ ਤੋਂ ਪਹਿਲਾ ਨਗਦ ਜਮ੍ਹਾ ਕਰਵਾਉਣੀ ਹੋਵੇਗੀ। ਸਫ਼ਲ ਬੋਲੀਕਾਰ ਨੂੰ ਖਰੀਦ ਕੀਤੇ ਮਾਲ ਦਾ 1/4 ਹਿੱਸਾ ਰਕਮ ਮੌਕਾ ਪਰ ਜਮ੍ਹਾਂ ਕਰਵਾਉਣੀ ਜਰੂਰੀ ਹੋਵੇਗੀ ਅਤੇ ਬਾਕੀ ਦੀ 3/4 ਹਿੱਸਾ ਬਣਦੀ ਰਕਮ ਮਿਤੀ 04/08/2023 ਸੁਬਾ 09:00 ਵਜੇ ਤੋਂ ਪਹਿਲਾਂ-ਪਹਿਲਾਂ ਜਮ੍ਹਾਂ ਕਰਵਾਉਣੀ ਹੋਵੇਗੀ। ਨਿਲਾਮ ਹੋਏ ਵਹੀਕਲ ਵਿਚੋਂ ਕਮੇਟੀ ਵੱਲੋਂ ਆਖਰੀ ਫੈਸਲੇ ਦੌਰਾਨ ਘਟਾਏ ਜਾਂ ਵਧਾਏ ਜਾ ਸਕਦੇ ਹਨ। ਬਾਕੀ ਦੀਆਂ ਸ਼ਰਤਾਂ ਕਮੇਟੀ ਵੱਲੋਂ ਮੌਕਾ ਪਰ ਦੱਸੀਆ ਜਾਣਗੀਆਂ। ਹੋਰ ਕਿਸੇ ਵੀ ਜਾਣਕਾਰੀ ਲਈ 80547-01911 ਮੋਬਾਇਲ ਨੰਬਰ ਪਰ ਸੰਪਰਕ ਕੀਤਾ ਜਾ ਸਕਦਾ ਹੈ। ਵਹੀਕਲਾਂ ਦਾ ਵੇਰਵਾ ਅਤੇ ਨਿਲਾਮੀ ਸਬੰਧੀ ਸ਼ਰਤਾ ਪੰਜਾਬ ਪੁਲਿਸ ਜਿਲ੍ਹਾ ਸ਼੍ਰੀ ਮੁਕਤਸ ਸਾਹਿਬ ਦੀ ਵੈੱਬਸਾਈਟ https://srimuktsarsahib.punjabpolice.gov.in ਪਰ ਉਪਲਬਧ ਹਨ।

ਨੰਬਰ: 15053/ਗੀ ਮਿਤੀ: 24-7-23

ਸੀਨੀਅਰ ਕਪਤਾਨ ਪੁਲਿਸ,
ਸ਼੍ਰੀ ਮੁਕਤਸਰਸਾਹਿਬ।